ਇਹ ਜਾਣਕਾਰੀ ਇਹ ਦੱਸਦੀ ਹੈ ਕਿ ਅਪੀਲ ਦਾ ਆਪਣਾ ਪੱਖ ਲਿਖਤੀ ਰੂਪ ਵਿੱਚ ਕਿਵੇਂ ਦੱਸਣਾ ਹੈ। ਜ਼ਿਆਦਾ ਜਾਣਕਾਰੀ ਸਾਡੀ ਵੈੱਬਸਾਈਟ ਉੱਪਰ ਦੇਖੋ: wcat.bc.ca ਜਾਂ ਮਦਦ ਮੰਗਣ ਲਈ ਸਾਡੀ ਟੀਮ ਨੂੰ 604-664-7800 ਜਾਂ 1-800-663-2782 'ਤੇ ਫੋਨ ਕਰੋ।

# ਲਿਖਤੀ ਦਲੀਲ (ਰਿਟਨ ਸਬਮਿਸ਼ਨ) ਕਿਵੇਂ ਤਿਆਰ ਕਰਨੀ ਹੈ

ਜੇਕਰ ਤੁਹਾਡੀ ਅਪੀਲ ਲਿਖਤੀ ਰੂਪ ਵਿੱਚ ਚੱਲ ਰਹੀ ਹੈ, ਤਾਂ WCAT ਤੁਹਾਨੂੰ ਇੱਕ ਲਿਖਤੀ ਦਲੀਲ (ਰਿਟਨ ਸਬਮਿਸ਼ਨ) ਭੇਜਣ ਲਈ ਕਹੇਗਾ। ਰਿਟਨ ਸਬਮਿਸ਼ਨ ਉਹ ਹੁੰਦੀ ਹੈ ਜੋ ਤੁਸੀਂ - ਜਾਂ ਤੁਹਾਡੀ ਮਦਦ ਕਰਨ ਵਾਲਾ ਕੋਈ ਵਿਅਕਤੀ - ਅਪੀਲ ਦੇ ਤੁਹਾਡੇ ਪੱਖ ਨੂੰ ਸਮਝਾਉਣ ਲਈ ਲਿਖਦਾ ਹੈ।

ਇਸ ਵਿੱਚ ਇਹ ਸਮਝਾਇਆ ਜਾਣਾ ਚਾਹੀਦਾ ਹੈ ਕਿ:

- ਤੁਸੀਂ ਕਿਹੜਾ ਨਤੀਜਾ ਚਾਹੁੰਦੇ ਹੋ ਅਤੇ WCAT ਨੂੰ ਇਹ ਕਿਉਂ ਦੇਣਾ ਚਾਹੀਦਾ ਹੈ
- ਕਾਨੂੰਨ ਜਾਂ ਵਰਕਸੇਫਬੀਸੀ ਦੀਆਂ ਨੀਤੀਆਂ ਤੁਹਾਡੇ ਕੇਸ ਦਾ ਸਮਰਥਨ ਕਿਵੇਂ ਕਰਦੀਆਂ ਹਨ
- ਸਬੂਤ ਕਿਵੇਂ ਉਸ ਨਤੀਜੇ ਦੇ ਹੱਕ ਵਿੱਚ ਹਨ ਜਿਹੜਾ ਤੁਸੀਂ ਚਾਹੁੰਦੇ ਹੋ

ਇਹਨਾਂ ਨੂੰ ਸ਼ਾਮਲ ਕਰਨ ਬਾਰੇ ਪੱਕਾ ਕਰੋ:

- ਇੱਕ ਲਿਖਤੀ ਸਾਰ ਜੋ ਅਪੀਲ ਦੇ ਤੁਹਾਡੇ ਪੱਖ ਨੂੰ ਦੱਸਦਾ ਹੋਵੇ
- ਕੋਈ ਵੀ ਨਵਾਂ ਸਬੂਤ, ਉਦਾਹਰਨ ਲਈ, ਦਸਤਾਵੇਜ਼ ਜਾਂ ਰਿਪੋਰਟਾਂ ਜੋ ਵਰਕਸੇਫਬੀਸੀ ਦੀ ਫਾਈਲ 'ਤੇ ਨਹੀਂ ਹਨ
- ਅਪੀਲ ਦੇ ਖਰਚਿਆਂ ਦਾ ਭੁਗਤਾਨ ਕਰਨ ਲਈ ਕੋਈ ਬੇਨਤੀ। ਉਦਾਹਰਨ ਲਈ, ਜੇਕਰ ਤੁਸੀਂ ਕਿਸੇ ਰਿਪੋਰਟ ਜਾਂ ਪੱਤਰ ਲਈ ਭੁਗਤਾਨ ਕੀਤਾ ਹੈ, ਤਾਂ ਆਪਣੀ ਰਸੀਦ ਜਾਂ ਇਨਵੌਇਸ ਸ਼ਾਮਲ ਕਰੋ। ਵਾਈਸ ਚੇਅਰ ਅੰਤਿਮ ਫੈਸਲੇ ਵਿੱਚ ਤੁਹਾਡੀ ਮੰਗ ਦਾ ਹੱਲ ਕਰੇਗਾ।

ਖਰਚਿਆਂ ਬਾਰੇ ਹੋਰ ਜਾਣਕਾਰੀ ਲਈ, ਸਾਡੀ ਵੈੱਬਸਾਈਟ 'ਤੇ ਜਾਓ: wcat.bc.ca > appeal a decision > present evidence and arguments > ask for appeal expenses

# ਜੇਕਰ ਮੈਨੂੰ ਹੋਰ ਸਮਾਂ ਚਾਹੀਦਾ ਹੋਵੇ ਤਾਂ?

WCAT ਤੁਹਾਨੂੰ ਤੁਹਾਡੀਆਂ ਦਲੀਲਾਂ ਮੰਗਣ ਲਈ ਇੱਕ ਪੱਤਰ ਭੇਜੇਗਾ। WCAT ਆਮ ਤੌਰ 'ਤੇ ਤੁਹਾਨੂੰ ਆਪਣੀ ਲਿਖਤੀ ਦਲੀਲ ਦੇਣ ਲਈ 21 ਦਿਨ ਅਤੇ ਖੰਡਨ (ਰੀਬਟਲ) ਦਲੀਲ ਦੇਣ ਲਈ 14 ਦਿਨ ਦੇਵੇਗਾ।

ਜੇਕਰ ਤੁਹਾਨੂੰ ਹੋਰ ਸਮਾਂ ਚਾਹੀਦਾ ਹੈ ਤਾਂ ਤੁਸੀਂ ਇਹ ਪੁੱਛ ਸਕਦੇ ਹੋ:

- **ਜੇਕਰ ਤੁਹਾਨੂੰ 14 ਦਿਨ ਜਾਂ ਘੱਟ ਦੀ ਲੋੜ ਹੈ:** ਪੁੱਛਣ ਲਈ WCAT ਨੂੰ ਫ਼ੋਨ ਕਰੋ। ਤੁਹਾਨੂੰ ਲਿਖਤੀ ਕਾਰਨ ਦੇਣ ਦੀ ਲੋੜ ਨਹੀਂ ਹੈ।
- **ਜੇਕਰ ਤੁਹਾਨੂੰ 14 ਦਿਨਾਂ ਤੋਂ ਵੱਧ ਦੀ ਲੋੜ ਹੈ:** WCAT ਨੂੰ ਇੱਕ ਲਿਖਤੀ ਬੇਨਤੀ ਭੇਜੋ ਜੋ ਦੱਸਦੀ ਹੋਵੇ ਕਿ ਤੁਹਾਨੂੰ ਹੋਰ ਸਮਾਂ ਕਿਉਂ ਚਾਹੀਦਾ ਹੈ। ਤੁਸੀਂ 45 ਦਿਨ ਤੱਕ ਦਾ ਹੋਰ ਸਮਾਂ ਮੰਗ ਸਕਦੇ ਹੋ।
- ਤੁਸੀਂ ਖੰਡਨ (ਰੀਬਟਲ) ਦਲੀਲ ਦੇਣ ਲਈ ਹੋਰ ਸਮਾਂ ਨਹੀਂ ਮੰਗ ਸਕਦੇ।

# ਆਪਣੀਆਂ ਲਿਖਤੀ ਦਲੀਲਾਂ ਭੇਜਣ ਤੋਂ ਬਾਅਦ ਕੀ ਹੁੰਦਾ ਹੈ

ਜੇਕਰ ਤੁਸੀਂ ਅਪੀਲ ਸ਼ੁਰੂ ਕੀਤੀ ਹੈ, ਤਾਂ WCAT ਤੁਹਾਡੀਆਂ ਲਿਖਤੀ ਦਲੀਲਾਂ ਦੂਜੀ ਧਿਰ ਨੂੰ ਭੇਜੇਗਾ, ਜੇਕਰ ਉਹ ਹਿੱਸਾ ਲੈ ਰਹੀ ਹੈ। ਜਵਾਬ ਦੇਣ ਵਾਲੀ ਧਿਰ ਕੋਲ ਦਲੀਲਾਂ ਦਾ ਜਵਾਬ ਦੇਣ ਲਈ 21 ਦਿਨ ਹੁੰਦੇ ਹਨ।

ਜੇਕਰ ਤੁਸੀਂ ਕਿਸੇ ਅਪੀਲ ਦਾ ਜਵਾਬ ਦੇ ਰਹੇ ਹੋ, ਤਾਂ ਤੁਹਾਨੂੰ ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਤੋਂ ਦਲੀਲ ਪ੍ਰਾਪਤ ਹੋਵੇਗੀ ਅਤੇ ਤੁਹਾਡੇ ਕੋਲ ਜਵਾਬ ਦੇਣ ਲਈ 21 ਦਿਨ ਹੋਣਗੇ। ਤੁਹਾਡਾ ਜਵਾਬ ਉਸ ਵਿਅਕਤੀ ਨੂੰ ਭੇਜਿਆ ਜਾਵੇਗਾ ਜਿਸ ਨੇ ਅਪੀਲ ਸ਼ੁਰੂ ਕੀਤੀ ਹੁੰਦੀ ਹੈ। ਅਪੀਲ ਸ਼ੁਰੂ ਕਰਨ ਵਾਲੇ ਵਿਅਕਤੀ ਕੋਲ ਅੰਤਿਮ ਖੰਡਨ (ਰੀਬਟਲ) ਦਲੀਲ ਪ੍ਰਦਾਨ ਕਰਨ ਲਈ 14 ਦਿਨ ਹੋਣਗੇ।

## ਆਪਣੀਆਂ ਦਲੀਲਾਂ ਤਿਆਰ ਕਰਨ ਲਈ ਕੁਝ ਸੁਝਾਅ:

- ਦੱਸੋ ਕਿ ਤੁਸੀਂ ਫੈਸਲਾ ਕਿਉਂ ਬਦਲਣਾ ਚਾਹੁੰਦੇ ਹੋ ਜਾਂ ਚਾਹੁੰਦੇ ਹੋ ਕਿ ਉਹੀ ਰਹੇ। ਆਪਣੇ ਸਭ ਤੋਂ ਮਜ਼ਬੂਤ ਨੁਕਤੇ ਨਾਲ ਸ਼ੁਰੂ ਕਰੋ।
- ਕੋਈ ਵੀ ਨਵਾਂ ਸਬੂਤ ਪ੍ਰਦਾਨ ਕਰੋ, ਉਦਾਹਰਨ ਲਈ ਦਸਤਾਵੇਜ਼ ਜਾਂ ਰਿਪੋਰਟਾਂ ਜੋ ਵਰਕਸੇਫਬੀਸੀ ਦੀ ਫਾਈਲ 'ਤੇ ਨਹੀਂ ਹਨ।
- ਜੇਕਰ ਤੁਸੀਂ ਇੱਕ ਤੋਂ ਵੱਧ ਮੁੱਦਿਆਂ ਨਾਲ ਨਜਿੱਠ ਰਹੇ ਹੋ ਤਾਂ ਸਿਰਲੇਖ ਦਿਓ।
- ਲੰਬੇ ਭਾਗ ਸ਼ਾਮਲ ਨਾ ਕਰੋ ਜੋ ਸਿਰਫ਼ ਕਾਨੂੰਨ ਅਤੇ ਨੀਤੀ ਦਾ ਹਵਾਲਾ ਦਿੰਦੇ ਹੋਣ। ਤੁਸੀਂ ਕਾਨੂੰਨਾਂ ਅਤੇ ਨੀਤੀਆਂ ਦਾ ਨੰਬਰ ਦੁਆਰਾ ਹਵਾਲਾ ਦੇ ਸਕਦੇ ਹੋ (ਜਿਵੇਂ ਕਿ, ਸੈਕਸ਼ਨ 135, ਜਾਂ ਨੀਤੀ ਆਈਟਮ ਸੀ 3-14.00)।
- ਕਲੇਮ ਫਾਈਲ ਤੋਂ ਦਸਤਾਵੇਜ਼ ਨਾ ਭੇਜੋ। WCAT ਕੋਲ ਪਹਿਲਾਂ ਹੀ ਇੱਕ ਕਾਪੀ ਹੈ।
- ਦੂਜੇ ਲੋਕਾਂ ਦੇ ਕਲੇਮਾਂ ਤੋਂ ਕਲੇਮ ਫਾਈਲ ਦੀ ਜਾਣਕਾਰੀ ਸ਼ਾਮਲ ਨਾ ਕਰੋ ਜਦੋਂ ਤੱਕ ਉਹਨਾਂ ਨੇ ਤੁਹਾਨੂੰ ਲਿਖਤੀ ਇਜਾਜ਼ਤ ਨਾ ਦਿੱਤੀ ਹੋਵੇ।
- ਵੈੱਬਸਾਈਟਾਂ ਦੇ ਲਿੰਕ ਸ਼ਾਮਲ ਨਾ ਕਰੋ। ਇਸ ਦੀ ਬਜਾਏ ਇੰਟਰਨੈੱਟ ਤੋਂ ਜਾਣਕਾਰੀ ਪ੍ਰਿੰਟ ਕਰੋ ਜਾਂ ਸੇਵ ਕਰੋ।
- WCAT ਨੂੰ ਭੇਜੀ ਜਾਣ ਵਾਲੀ ਹਰ ਚੀਜ਼ 'ਤੇ ਵਰਕਸੇਫਬੀਸੀ ਦਾ ਕਲੇਮ ਜਾਂ ਫਾਈਲ ਨੰਬਰ ਅਤੇ WCAT ਦਾ ਅਪੀਲ ਨੰਬਰ ਲਿਖੋ।
- **ਆਰਟੀਫੀਸ਼ੀਅਲ ਇੰਟੈਲੀਜੈਂਸ (ਏ ਆਈ) ਦੀ ਵਰਤੋਂ ਕਰਦੇ ਸਮੇਂ ਸਾਵਧਾਨ ਰਹੋ।** ਇਹ ਮਦਦਗਾਰ ਹੋ ਸਕਦੀ ਹੈ, ਪਰ ਇਹ ਝੂਠੇ ਕਾਨੂੰਨ, ਕੇਸ ਅਤੇ ਤੱਥ ਪੈਦਾ ਕਰ ਸਕਦੀ ਹੈ। WCAT ਨੂੰ ਦਿੱਤੀਆਂ ਗਈਆਂ ਦਲੀਲਾਂ ਲਈ ਤੁਸੀਂ ਜ਼ਿੰਮੇਵਾਰ ਹੋ। ਜੇਕਰ ਤੁਹਾਡੇ ਦੁਆਰਾ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਕਰਨ ਨਾਲ ਗਲਤ ਜਾਣਕਾਰੀ ਪੈਦਾ ਹੁੰਦੀ ਹੈ, ਤਾਂ ਇਹ ਤੁਹਾਡੇ ਕੇਸ ਨੂੰ ਕਮਜ਼ੋਰ ਕਰ ਸਕਦੀ ਹੈ ਅਤੇ ਇਸ ਦੇ ਗੰਭੀਰ ਨਤੀਜੇ ਨਿਕਲ ਸਕਦੇ ਹਨ।

## ਮਦਦ ਚਾਹੀਦੀ ਹੈ?

**ਕਿਸੇ ਨੁਮਾਇੰਦੇ (ਰੈਪਰੇਜ਼ਿਨਟੇਟਿਵ) ਦੀ ਮਦਦ ਲਉ।** ਆਪਣੀ ਅਪੀਲ ਦਾ ਪੱਖ ਦੱਸਣ ਵਿੱਚ ਮਦਦ ਲਈ ਤੁਸੀਂ ਕਿਸੇ ਨੂੰ ਮੁਖ਼ਤਾਰ ਬਣਾ ਸਕਦੇ ਹੋ। ਉਹ ਕੋਈ ਵਕੀਲ, ਮੁਆਵਜ਼ਾ ਸਲਾਹਕਾਰ (ਕੰਪਨਸੇਸ਼ਨ ਕਨਸਲਟੈਂਟ), ਯੂਨੀਅਨ ਜਾਂ ਇਮਪਲੌਏਅਰਜ਼ ਐਸੋਸੀਏਸ਼ਨ ਦਾ ਕੋਈ ਵਿਅਕਤੀ, ਪਰਿਵਾਰ ਦਾ ਮੈਂਬਰ ਜਾਂ ਦੋਸਤ ਹੋ ਸਕਦਾ ਹੈ। ਕਿਰਪਾ ਕਰਕੇ ਧਿਆਨ ਦਿਓ ਕਿ WCAT ਤੁਹਾਨੂੰ ਨੁਮਾਇੰਦਾ ਨਿਯੁਕਤ ਕਰਨ ਦੀ ਲਾਗਤ ਦੀ ਭਰਪਾਈ ਨਹੀਂ ਕਰਦਾ ਹੈ।

**ਕਿਸੇ ਸਲਾਹਕਾਰ (ਐਡਵਾਈਜ਼ਰ) ਨਾਲ ਗੱਲ ਕਰੋ।** ਵਰਕਰਾਂ ਅਤੇ ਇਮਪਲੌਏਅਰਾਂ ਦੇ ਸਲਾਹਕਾਰ ਦਫ਼ਤਰ ਉਹਨਾਂ ਲੋਕਾਂ ਨੂੰ ਮੁਫ਼ਤ ਮਦਦ ਪ੍ਰਦਾਨ ਕਰਨ ਲਈ ਬਣਾਏ ਗਏ ਸਨ ਜੋ ਵਰਕਸੇਫਬੀਸੀ ਦੇ ਫੈਸਲੇ ਨਾਲ ਅਸਹਿਮਤ ਹੋਣ। ਉਹ ਵਰਕਸੇਫਬੀਸੀ ਤੋਂ ਆਜ਼ਾਦ ਹਨ ਅਤੇ ਕਿਰਤ ਮੰਤਰਾਲੇ ਦਾ ਹਿੱਸਾ ਹਨ।

ਵਰਕਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/workersadvisers
1-800-663-4261 (ਬੀ.ਸੀ. ਵਿੱਚ ਮੁਫਤ)

ਇਮਪਲੌਏਅਰਜ਼ ਐਡਵਾਈਜ਼ਰਜ਼ ਆਫਿਸ
www.gov.bc.ca/employersadvisers
1-800-925-2233 (ਬੀ.ਸੀ. ਵਿੱਚ ਮੁਫਤ)

**WCAT ਨਾਲ ਸੰਪਰਕ ਕਰੋ।** ਤੁਹਾਡੀ ਅਪੀਲ ਨੂੰ ਸਹੀ ਥਾਂ 'ਤੇ ਰੱਖਣ ਵਿੱਚ ਮਦਦ ਲਈ WCAT ਦਾ ਸਟਾਫ ਮਦਦ ਕਰ ਸਕਦਾ ਹੈ। ਉਹ ਨਿਰਪੱਖ ਹੁੰਦੇ ਹਨ, ਜਿਸ ਦਾ ਮਤਲਬ ਹੈ ਕਿ ਉਹ ਕਾਨੂੰਨੀ ਸਲਾਹ ਨਹੀਂ ਦਿੰਦੇ ਜਾਂ ਤੁਹਾਡੇ ਨੁਮਾਇੰਦੇ ਵਜੋਂ ਕੰਮ ਨਹੀਂ ਕਰਦੇ।

ਤੁਸੀਂ ਸਾਡੇ ਮੈਨੂਅਲ ਵਿੱਚ ਨਿਯਮਾਂ ਅਤੇ ਕਾਰਵਾਈਆਂ ਬਾਰੇ ਹੋਰ ਜਾਣਕਾਰੀ ਵੀ ਪ੍ਰਾਪਤ ਕਰ ਸਕਦੇ ਹੋ: wcat.bc.ca > resources > manual of rules of practice and procedure